


## ਕਰਜ਼ਾ ਭੁਗਤਾਨ ਬਾਰੇ ਅਕਸਰ ਪੁੱਛੇ ਜਾਣ ਵਾਲੇ ਸਵਾਲ

*ਆਖਰੀ ਵਾਰ ਅਪਡੇਟ ਕੀਤਾ ਗਿਆ: 21 ਮਈ, 2021*

### ਕਾਲ ਸੈਂਟਰ ਉਪਲੱਬਧ ਹੈ

ਜੇਕਰ ਤੁਹਾਨੂੰ ਵਧੀਕ ਸਹਾਇਤਾ ਦੀ ਜ਼ਰੂਰਤ ਹੈ ਤਾਂ ਸਾਡਾ ਕਾਲ ਸੈਂਟਰ ਹਫ਼ਤੇ ਦੇ ਦਿਨਾਂ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਈਟੀ ਤੱਕ ਉਪਲੱਬਧ ਹੈ। **877-508-8364 ਤੇ ਕਾਲ ਕਰੋ**, ਫੇਰ "ਅਮਰੀਕੀ ਬਚਾਅ ਯੋਜਨਾ" ਦੀ ਚੋਣ ਕਰੋ। ਸਹਾਇਤਾ ਕਈ ਭਾਸ਼ਾਵਾਂ ਵਿੱਚ ਉਪਲੱਬਧ ਹੈ। ਜੇਕਰ ਤੁਹਾਨੂੰ ਅਜਿਹੇ ਆਪਰੇਟਰ ਦੀ ਜ਼ਰੂਰਤ ਹੈ ਜੋ ਅੰਗਰੇਜ਼ੀ ਜਾਂ ਸਪੇਨਿਸ਼ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦਾ ਹੋਵੇ, ਤਾਂ ਕਿਰਪਾ ਕਰਕੇ ਅੰਗਰੇਜ਼ੀ ਦੀ ਚੋਣ ਕਰੋ ਅਤੇ ਆਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਜ਼ਰੂਰਤ ਹੈ।

### ਯੋਗ ਉਤਪਾਦਕ

### ਸਵਾਲ 1: ਕੀ ਤੁਸੀਂ "ਸਮਾਜਿਕ ਰੂਪ ਵਿੱਚ ਵਾਂਝੇ ਕਿਸਾਨ ਜਾਂ ਪਸ਼ੂ" ਦੇ ਅਹੁਦੇ ਦਾ ਮਤਲਬ ਹੋਰ ਅੱਗੇ ਸਮਝਾਓਗੇ? ਅਜਿਹੇ ਅਹੁਦੇ ਨੂੰ ਪੂਰਾ ਕਰਨ ਦੇ ਮਾਪਦੰਡ ਕੀ ਹਨ?

- "ਸ਼ਬਦ "ਸਮਾਜਿਕ ਤੌਰ 'ਤੇ ਵਾਂਝੇ ਕਿਸਾਨ ਜਾਂ ਪਸ਼ੂ ਪਾਲਕ" ਦਾ ਮਤਲਬ ਹੈ ਇੱਕ ਅਜਿਹਾ ਕਿਸਾਨ ਜਾਂ ਪਸ਼ੂ ਪਾਲਕ ਜੋ ਸਮਾਜਿਕ ਤੌਰ' ਤੇ ਵਾਂਝੇ ਸਮੂਹ ਦਾ ਮੈਂਬਰ ਹੈ ਜਿਸ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਵਿਅਕਤੀਗਤ ਗੁਣਾਂ ਦੀ ਪਰਵਾਹ ਕੀਤੇ ਬਿਨਾਂ ਕਿਸੇ ਸਮੂਹ ਦੇ ਮੈਂਬਰ ਹੋਣ ਵਜੋਂ ਆਪਣੀ ਪਛਾਣ ਕਾਰਨ ਜਾਤੀ ਜਾਂ ਨਸਲੀ ਪੱਖਪਾਤ ਦਾ ਸ਼ਿਕਾਰ ਹੋਣਾ ਪਿਆ ਹੈ, ਜਿਵੇਂ ਕਿ 1990 (7 U.S.C. 2279(a)) ਦੇ ਖੁਰਾਕ, ਖੇਤੀਬਾੜੀ, ਸੰਭਾਲ ਅਤੇ ਵਪਾਰ ਐਕਟ ਦੀ ਧਾਰਾ 2501 (a) ਦੁਆਰਾ ਪਰਿਭਾਸ਼ਤ ਕੀਤਾ ਗਿਆ ਹੈ। ਸਮਾਜਿਕ ਤੌਰ ਤੇ ਵਾਂਝੇ ਸਮੂਹਾਂ ਦੇ ਮੈਂਬਰਾਂ ਵਿੱਚ ਹੇਠ ਦਿੱਤੇ ਸ਼ਾਮਲ ਹਨ, ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:
    - ਅਮਰੀਕੀ ਭਾਰਤੀ ਜਾਂ ਅਲਾਸਕਾ ਦਾ ਮੂਲ ਵਸਨੀਕ;
    - ਏਸ਼ੀਅਨ;
    - ਕਾਲੇ ਜਾਂ ਅਫਰੀਕੀ ਅਮਰੀਕੀ;
    - ਹਵਾਈ ਜਾਂ ਹੋਰ ਪ੍ਰਸ਼ਾਂਤ ਦਵੀਪ ਦੇ ਮੂਲ ਵਸਨੀਕ

- ਹਿਸਪੈਨਿਕਸ ਜਾਂ ਲੈਟੀਨੋਸ।

- ਖੇਤੀਬਾੜੀ ਸਕੱਤਰ ਲਿਖਤੀ ਬੇਨਤੀ ਦੇ ਜਵਾਬ ਵਿੱਚ ਸਹਾਇਕ ਸਪੱਸ਼ਟੀਕਰਨ ਨਾਲ ਕੇਸ-ਦਰ-ਕੇਸ ਦੇ ਅਧਾਰ 'ਤੇ ਇਹ ਨਿਰਧਾਰਤ ਕਰੇਗਾ ਕਿ ਕੀ ਵਧੀਕ ਸਮੂਹ ਇਸ ਪਰਿਭਾਸ਼ਾ ਅਧੀਨ ਯੋਗਤਾ ਪੂਰੀ ਕਰਦੇ ਹਨ ਜਾਂ ਨਹੀਂ।
- FSA ਕਰਜ਼ੇ ਦੇ ਗਾਹਕ ਆਪਣੇ ਕਰਜ਼ੇ ਦੀ ਐਪਲੀਕੇਸ਼ਨ ਦੇ ਹਿੱਸੇ ਦੇ ਰੂਪ ਵਿੱਚ ਜਾਂ ਕਿਸੇ ਵੀ ਸਮੇਂ ਫਾਰਮ AD-2047 ਰਾਹੀਂ ਸਵੈ-ਇੱਛਕ ਢੰਗ ਨਾਲ ਆਪਣੀ ਜਾਤੀ ਅਤੇ ਨਸਲ ਦੀ ਸਵੈ-ਪਛਾਣ ਕਰ ਸਕਦੇ ਹਨ। ਯੋਗ ਕਰਜ਼ਦਾਰਾਂ ਨੂੰ ਭੇਜੇ ਪੇਸ਼ਕਸ਼ ਦੇ ਪੱਤਰਾਂ 'ਤੇ, ਹਰੇਕ ਨੂੰ FSA ਦੁਆਰਾ ਭੁਗਤਾਨ ਕਰਨ ਤੋਂ ਪਹਿਲਾਂ ਆਪਣੇ ਜਾਤੀ ਜਾਂ ਨਸਲੀ ਅਹੁਦੇ ਦੀ ਤਸਦੀਕ ਕਰਨ ਦੀ ਜ਼ਰੂਰਤ ਹੋਵੇਗੀ।

**ਸਵਾਲ 2: ਕੀ ਸਹਿ-ਕਰਜ਼ਦਾਰਾਂ ਅਤੇ ਇਕਾਈ ਦੇ ਮੈਂਬਰ ਯੋਗ ਹਨ?**

- ਹਾਂ, ਜੇ ਕਈ ਵਿਅਕਤੀ ਯੋਗ ਕਰਜ਼ਿਆਂ 'ਤੇ ਕਰਜ਼ੇ ਲਈ ਜ਼ਿੰਮੇਵਾਰ ਹਨ ਅਤੇ ਉਹਨਾਂ ਵਿਅਕਤੀਆਂ ਵਿੱਚੋਂ ਘੱਟੋ-ਘੱਟ ਇੱਕ (ਨਿੱਜੀ ਜ਼ਿੰਮੇਵਾਰੀ ਦੇ ਨਾਲ ਮੁਢਲਾ ਕਰਜ਼ਦਾਰ, ਸਹਿ-ਕਰਜ਼ਦਾਰ, ਜਾਂ ਇਕਾਈ ਦਾ ਮੈਂਬਰ) ਧਾਰਾ 2501 ਵਿੱਚ ਦਿੱਤੀ ਪਰਿਭਾਸ਼ਾ ਦੇ ਅਧਾਰ ਤੇ ਯੋਗ ਹੈ।

## ਸਵਾਲ 3: ਮੈਂ ਇੱਕ ਕਲਾਸ ਐਕਸ਼ਨ ਸੈਟਲਮੈਂਟ (ਜਿਵੇਂ ਕਿ ਪਿਗਫੋਰਡ, ਕੀਪਸੀਗਲ) ਵਿੱਚ ਇੱਕ ਸਫ਼ਲ ਦਾਅਵੇਦਾਰ ਸੀ ਅਤੇ ਮੈਨੂੰ ਕਰਜ਼ਾ ਮਾਫੀ ਮਿਲੀ ਸੀ। ਮੈਂ ਯੋਗ ਕਰਜ਼ਿਆਂ ਵਿੱਚੋਂ ਇੱਕ ਲਿਆ ਹੈ, ਕੀ ਮੈਂ ਅਜੇ ਵੀ ਯੋਗ ਹਾਂ?

- ਹਾਂ, ਜੇਕਰ 1 ਜਨਵਰੀ, 2021 ਤੱਕ ਤੁਹਾਡੀ ਯੋਗ ਕਰਜ਼ਦਾਰੀ ਹੈ। (ਹੇਠਾਂ "ਯੋਗ ਕਰਜ਼ੇ" ਦੇਖੋ।)

## ਸਵਾਲ 4: ਮੇਰੇ ਕੋਲ ਬੀਤੇ ਸਮੇਂ ਵਿੱਚ ਸਿੱਧਾ ਜਾਂ ਗਾਰੰਟੀਸ਼ੁਦਾ ਖੇਤੀ ਕਰਜ਼ਾ ਸੀ ਪਰ ਮੈਂ ਖੇਤ (ਫਾਰਮ) ਗੁਆ ਦਿੱਤਾ ਅਤੇ ਮੌਜੂਦਾ ਸਮੇਂ ਵਿੱਚ ਮੇਰੇ ਤੇ ਕਰਜ਼ਾ ਨਹੀਂ ਹੈ। ਕੀ ਮੈਂ ਰਾਹਤ ਲਈ ਯੋਗ ਹਾਂ?

- ਜੇ ਤੁਹਾਡੇ ਤੇ ਮੌਜੂਦਾ ਸਮੇਂ ਤੇ ਖੇਤੀ ਕਰਜ਼ਾ ਨਹੀਂ ਹੈ, ਤਾਂ ਤੁਸੀਂ ਧਾਰਾ 1005 ਦੇ ਤਹਿਤ ਕਰਜ਼ਾ ਰਾਹਤ ਲਈ ਯੋਗ ਨਹੀਂ ਹੋ, ਹਾਲਾਂਕਿ ਤੁਸੀਂ ਅਮਰੀਕੀ ਬਚਾਅ ਯੋਜਨਾ ਦੀ ਧਾਰਾ 1006 ਵਿੱਚ ਪ੍ਰਦਾਨ ਕੀਤੀ ਸਹਾਇਤਾ ਤੋਂ ਲਾਭ ਪ੍ਰਾਪਤ ਕਰਨ ਦੇ ਯੋਗ ਹੋ ਸਕਦੇ ਹੋ। USDA ਸਾਬਕਾ ਕਰਜ਼ਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਇੱਕ ਪ੍ਰਕਿਰਿਆ ਸਥਾਪਤ ਕਰਨ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ ਜੋ ਜਾਤੀ ਅਤੇ ਨਸਲ ਦੇ ਅਧਾਰ ਤੇ ਸਮਾਜਿਕ ਤੌਰ ਤੇ ਵਾਂਝੇ ਹਨ। ਜਿਵੇਂ ਹੀ ਪ੍ਰਕਿਰਿਆ ਸਥਾਪਤ ਕੀਤੀ ਜਾਂਦੀ ਹੈ, ਉਦੋਂ ਹੀ ਉਸਦੇ ਵੇਰਵਿਆਂ ਨੂੰ ਸਾਂਝਾ ਕੀਤਾ ਜਾਵੇਗਾ।

**<u>ਯੋਗ ਕਰਜ਼ੇ</u>**

**ਸਵਾਲ 5: ਅਮਰੀਕੀ ਬਚਾਅ ਯੋਜਨਾ ਹੇਠ ਕਿਹੜੇ ਕਰਜ਼ੇ ਅਦਾਇਗੀ ਦੇ ਯੋਗ ਹਨ?**

- ਯੋਗ ਕਰਜ਼ਿਆਂ ਵਿੱਚ ਸ਼ਾਮਲ ਹਨ:
    1. FSA ਦੁਆਰਾ ਖੇਤ ਭੰਡਾਰਨ ਸਹੂਲਤ ਕਰਜ਼ੇ, ਸੰਭਾਲ ਕਰਜ਼ੇ, ਐਮਰਜੈਂਸੀ ਕਰਜ਼ੇ, ਖੇਤ ਮਲਕੀਅਤੀ ਕਰਜ਼ੇ, ਚਾਰਾਗਾਹ ਕਰਜ਼ੇ, ਸਿੰਚਾਈ ਅਤੇ ਨਿਕਾਸੀ ਕਰਜ਼ੇ, ਸੰਚਾਲਨ ਕਰਜ਼ੇ (ਇਸ ਵਿੱਚ ਨੌਜਵਾਨ (ਯੂਥ) ਅਤੇ ਮਾਈਕਰੋ ਕਰਜ਼ੇ ਸ਼ਾਮਲ ਹਨ) ਅਤੇ ਮਿੱਟੀ ਅਤੇ ਪਾਣੀ ਲਈ ਕਰਜ਼ੇ ਸਮੇਤ ਸਿੱਧੇ ਕਰਜ਼ੇ; ਸਿੱਧੇ ਗੈਰ-ਪ੍ਰੋਗਰਾਮ ਕਰਜ਼ੇ ਅਤੇ ਸੌਫਟਵੁੱਡ ਟਿੰਬਰ ਕਰਜ਼ੇ ਜਿੱਥੇ ਅਸਲ ਕਰਜ਼ਾ ਸੰਚਿਤ ਖੇਤ ਅਤੇ ਪੇਂਡੂ ਵਿਕਾਸ ਐਕਟ ਹੇਠ ਜਾਰੀ ਕੀਤਾ ਗਿਆ ਸੀ।

2. FSA ਦੁਆਰਾ ਗਾਰੰਟੀਸ਼ੁਦਾ ਕਰਜ਼ੇ ਅਤੇ ਜੋ ਪ੍ਰਵਾਨ ਕੀਤੇ ਕਰਜ਼ਦਾਤਾ ਦੁਆਰਾ ਦਿੱਤਾ ਜਾਵੇ, ਜਿਸ ਵਿੱਚ ਖੇਤ ਮਲਕੀਅਤੀ ਕਰਜ਼ੇ, ਖੇਤ ਸੰਚਾਲਨ ਕਰਜ਼ੇ ਅਤੇ ਸੰਭਾਲ ਕਰਜ਼ੇ ਸ਼ਾਮਲ ਹਨ।

- ਦੋਵੇਂ ਭੁਗਤਾਨ ਸਮੇਂ ਤੋਂ ਪਿਛੜੇ ਅਤੇ ਮੌਜੂਦਾ ਕਰਜ਼ੇ ਯੋਗ ਹਨ। ਇਸ ਕਿਸਮ ਦੇ ਕਰਜ਼ਿਆਂ ਨਾਲ ਜੁੜੇ ਕਰਜ਼ੇ ਜੋ ਆਫ਼ਸੈੱਟ ਕਰਨ ਜਾਂ ਇਕੱਤਰਤਾ ਲਈ ਸੰਦਰਭਿਤ ਕੀਤਾ ਹੋਇਆ ਹੋਵੇ, ਵੀ ਯੋਗ ਹਨ।

### ਸਵਾਲ 6: ਮੇਰੇ ਕੋਲ ਖੇਤ ਮਲਕੀਅਤ ਡਾਊਨ ਪੇਮੇਂਟ ਕਰਜ਼ਾ ਹੈ ਜਿਥੇ ਮੈਂ ਕਰਜ਼ੇ ਦੀ ਰਕਮ ਦੀ 5% ਡਾਊਨ ਪੇਮੇਂਟ ਕੀਤੀ ਅਤੇ FSA ਨੇ ਕਰਜ਼ੇ ਦੀ ਰਕਮ ਦਾ 45% ਪ੍ਰਦਾਨ ਕੀਤਾ। ਇੱਕ ਵਪਾਰਕ ਕਰਜ਼ਦਾਤਾ ਨੇ ਬਾਕੀ ਦਾ 50% ਕਰਜ਼ ਪ੍ਰਦਾਨ ਕੀਤਾ। ਕੀ ਹੋਰ ਕਰਜ਼ਦਾਤਾ ਦੁਆਰਾ ਮੈਨੂੰ ਦਿੱਤਾ ਕਰਜ਼ਾ ARPA ਭੁਗਤਾਨ ਲਈ ਯੋਗ ਹੈ?

- FSA ਦੁਆਰਾ ਪ੍ਰਦਾਨ ਕੀਤਾ ਕਰਜ਼ਾ ਯੋਗ ਹੈ। ਕਿਸੇ ਵਪਾਰਕ ਕਰਜ਼ਦਾਤਾ ਦੁਆਰਾ ਫਾਈਨਾਂਸ ਕੀਤੇ 50% ਹਿੱਸਾ ਤਾਂ ਹੀ ਯੋਗ ਹੋਵੇਗਾ ਜੇਕਰ ਕਰਜ਼ਦਾਤਾ ਨੇ ਆਪਣੇ ਕਰਜ਼ੇ ਤੇ FSA ਖੇਤ ਕਰਜ਼ਾ ਗਾਰੰਟੀ ਲਈ ਹੈ। FSA ਦੁਆਰਾ ਗਾਰੰਟੀ ਨਾ ਦਿੱਤੇ ਗਏ ਨਿੱਜੀ ਅਤੇ ਵਪਾਰਕ ਕਰਜ਼ੇ ਯੋਗ ਨਹੀਂ ਹਨ, ਜਿਸ ਵਿੱਚ ਉਹ ਕਰਜ਼ੇ ਵੀ ਸ਼ਾਮਲ ਹਨ ਜਿਨ੍ਹਾਂ ਨੂੰ FSA ਨਾਲ ਸੰਯੁਕਤ ਰੂਪ ਵਿੱਚ ਸੰਪਤੀ ਖਰੀਦਣ ਲਈ ਵਰਤਿਆ ਗਿਆ ਹੈ।

### ਸਵਾਲ 7: ਕੀ ਸਾਰੇ USDA ਸਿੱਧੇ ਅਤੇ ਗਾਰੰਟੀਸ਼ੁਦਾ ਲੋਨ ਅਤੇ ਕਰਜ਼ੇ ਯੋਗ ਹਨ?

- ਨਹੀਂ। ਪੇਂਡੂ ਵਿਕਾਸ ਕਰਜ਼ੇ, FSA ਮਾਰਕੀਟਿੰਗ ਅਸਿਸਟੇਂਸ ਲੋਨ ਅਤੇ ਹੋਰ USDA ਪ੍ਰੋਗਰਾਮਾਂ ਨਾਲ ਜੁੜੇ ਕਰਜ਼ੇ ਜਾਂ ਹੋਰ ਗੈਰ-USDA ਫੈਡਰਲ ਕਰਜ਼ੇ ਯੋਗ ਨਹੀਂ ਹਨ।

### ਸਵਾਲ 8: ਕੀ ਕਿਸੇ ਫਾਰਮ ਕ੍ਰੈਡਿਟ ਇੰਸਟੀਟਿਊਸ਼ਨ ਜਾਂ ਸਥਾਨਕ ਬੈਂਕ ਤੋਂ ਮੇਰਾ ਖੇਤ ਸਬੰਧਤ ਕਰਜ਼ਾ ਯੋਗ ਹੈ?

- ਨਹੀਂ। ਵਪਾਰਕ ਕਰਜ਼ਦਾਤਾਵਾਂ, ਜਿਵੇਂ ਕਿ ਬੈਂਕਾਂ, ਕ੍ਰੈਡਿਟ ਯੂਨਿਅਨਾਂ ਜਾਂ ਫਾਰਮ ਕ੍ਰੈਡਿਟ ਇੰਸਟੀਟਿਊਸ਼ਨਾਂ ਤੋਂ ਕਰਜ਼ੇ ਜਿਸ ਵਿੱਚ ਕੋਈ FSA ਗਾਰੰਟੀ ਸ਼ਾਮਲ ਨਹੀਂ ਹੁੰਦੀ, ਯੋਗ ਨਹੀਂ ਹਨ।

### ਸਵਾਲ 9: ਕੀ 1 ਜਨਵਰੀ, 2021 ਤੋਂ ਬਾਅਦ ਪ੍ਰਾਪਤ ਕੀਤੇ ਗਏ ਮੇਰੇ FSA ਸਿੱਧਾ, ਗਾਰੰਟੀਸ਼ੁਦਾ, ਜਾਂ ਖੇਤ ਭੰਡਾਰਨ ਸਹੂਲਤ ਕਰਜ਼ੇ ਯੋਗ ਹਨ?

- ਨਹੀਂ। ਸਿਰਫ 1 ਜਨਵਰੀ, 2021 ਤੱਕ ਦਿੱਤੇ ਗਏ ਜਾਂ ਅਡਵਾਂਸ ਕੀਤੇ ਗਏ ਕਰਜ਼ੇ ਯੋਗ ਹਨ।

## ਕਰਜ਼ਾ ਭੁਗਤਾਨ

### ਸਵਾਲ 10: ਮੈਂ ਸਮਾਜਿਕ ਤੌਰ ਤੇ ਵਾਂਝੇ ਕਰਜ਼ਦਾਰਾਂ ਨੂੰ ਭੁਗਤਾਨਾਂ ਬਾਰੇ USDA ਦੀਆਂ ਘੋਸ਼ਣਾਵਾਂ ਬਾਰੇ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ(ਦੀ) ਹਾਂ?

- ਯੋਗ ਸਿੱਧੇ ਕਰਜ਼ਿਆਂ ਲਈ ARPA ਦੇ ਭੁਗਤਾਨਾਂ ਬਾਰੇ ਵਿਆਖਿਆ ਕਰਦੇ ਫੰਡਸ ਉਪਲੱਬਧਤਾ ਦੇ ਨੋਟਿਸ ਨੂੰ ਦੇਖੋ। ਇੱਕ ਵੱਖਰਾ ਨੋਟਿਸ ਗਾਰੰਟੀਸ਼ੁਦਾ ਕਰਜ਼ਾ ਕਰਜ਼ਦਾਰਾਂ ਅਤੇ ਕਰਜ਼ਦਾਤਾਵਾਂ ਅਤੇ ਸਿੱਧਾ ਖੇਤ ਕਰਜ਼ਾ ਲੈਣ ਵਾਲੇ ਕਰਜ਼ਦਾਰਾਂ ਨੂੰ ਸੰਬੋਧਿਤ ਕਰੇਗਾ, ਜਿਨ੍ਹਾਂ ਕੋਲ ਹੁਣ ਕੋਲੇਟਰਲ ਜਾਂ ਸਕ੍ਰਿਯ ਖੇਤੀਬਾੜੀ ਆਪਰੇਸ਼ਨ ਨਹੀਂ ਹੈ ਅਤੇ ਜਿਨ੍ਹਾਂ ਦੇ ਕਰਜ਼ੇ ਪਹਿਲਾਂ ਆਫਸੈਟ ਲਈ ਕਰਜ਼ਾ ਇਕੱਤਰਤਾ ਲਈ ਖਜ਼ਾਨਾ ਵਿਭਾਗ ਕੋਲ ਸੰਦਰਭਿਤ ਕੀਤੇ ਗਏ ਸਨ। ਉਹ ਨੋਟਿਸ 120 ਦਿਨਾਂ ਦੇ ਅੰਦਰ ਫੈਡਰਲ ਰਜਿਸਟਰ ਵਿੱਚ ਪ੍ਰਕਾਸ਼ਿਤ ਹੋਵੇਗਾ।

## ਸਵਾਲ 11: ਯੋਗ ਸਿੱਧੇ ਕਰਜ਼ੇ ਦੇ ਕਰਜ਼ਦਾਰਾਂ ਨੂੰ ਕਰਜ਼ ਦੇ ਭੁਗਤਾਨ ਦੇ ਪ੍ਰਬੰਧਾਂ ਬਾਰੇ ਕਿਵੇਂ ਸੂਚਿਤ ਕੀਤਾ ਜਾਵੇਗਾ ਅਤੇ ਕਿਹੜੀ ਜਾਣਕਾਰੀ ਇਸ ਵਿੱਚ ਸ਼ਾਮਲ ਹੋਵੇਗੀ?

- ਜਨਤਾ ਨੂੰ ਦੋ ਤਰੀਕਿਆਂ ਨਾਲ ਸੂਚਿਤ ਕੀਤਾ ਜਾਵੇਗਾ:
    - ਲਾਗੂਕਰਨ ਦੇ ਵੇਰਵਿਆਂ ਦੇ ਨਾਲ ਫੰਡਸ ਦੀ ਉਪਲੱਬਧਤਾ ਦੇ ਨੋਟਿਸ **ਦੀ ਇੱਕ ਕਾਪੀ ਉਪਲੱਬਧ ਹੈ।**
    - FSA ਸਾਰੇ ਯੋਗ ਸਿੱਧੇ ਕਰਜ਼ੇ ਦੀਆਂ ਇਕਾਈਆਂ ਅਤੇ ਕਰਜ਼ਦਾਰਾਂ ਨੂੰ ਇੱਕ ਪੇਸ਼ਕਸ਼ ਪੱਤਰ (ਫਾਰਮ FSA-2601) ਮੇਲ ਕਰੇਗਾ। ਇਸ ਵਿੱਚ ਯੋਗ ਬਾਕੀ ਕਰਜ਼ ਬਕਾਇਆ, ਭੁਗਤਾਨ ਗਣਨਾਵਾਂ, ਬੈਂਕ ਖਾਤਾ ਜਿਸ ਵਿੱਚ ਸਿੱਧਾ ਜਮ੍ਹਾਂ ਕਰਨਾ ਹੈ ਦੀ ਜਾਣਕਾਰੀ ਦੀ ਬੇਨਤੀ ਅਤੇ ਸਮਾਜਿਕ ਤੌਰ ਤੇ ਵਾਂਝੇ ਕਰਜ਼ਦਾਰਾਂ ਦੇ ਅਹੁਦੇ ਦੀ ਜਾਣਕਾਰੀ ਸ਼ਾਮਲ ਹੁੰਦੀ ਹੈ ਜਿਵੇਂ ਕਿ FSA ਦੀਆਂ ਫਾਈਲਾਂ ਵਿੱਚ ਰਿਕਾਰਡ ਹੁੰਦੀ ਹੈ। ਪੇਸ਼ਕਸ਼ ਪੱਤਰ ਵਿੱਚ ਸਵੀਕਾਰ ਕਰਨ, ਇਨਕਾਰ ਕਰਨ, FSA ਨਾਲ ਮੀਟਿੰਗ ਕਰਨ ਦੀ ਬੇਨਤੀ ਕਰਨ ਲਈ ਨਿਰਦੇਸ਼ ਪ੍ਰਦਾਨ ਕੀਤੇ ਹੁੰਦੇ ਹਨ। ਕਰਜ਼ਦਾਰ ਜੋ ਪੇਸ਼ਕਸ਼ ਪੱਤਰ ਨੂੰ ਈਮੇਲ ਰਾਹੀਂ ਪ੍ਰਾਪਤ ਕਰਨਾ ਪਸੰਦ ਕਰਦੇ ਹਨ, ਉਨ੍ਹਾਂ ਨੂੰ ਆਪਣੀ ਸਥਾਨਕ FSA ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਪੇਸ਼ਕਸ਼ ਪੱਤਰ ਦਾ ਟੈਂਪਲੇਟ farmers.gov/AmericanRescuePlan ਤੇ ਪੋਸਟ ਕੀਤਾ ਜਾਵੇਗਾ।

## ਸਵਾਲ 12: ਪੇਸ਼ਕਸ਼ ਪੱਤਰ ਪ੍ਰਾਪਤ ਕਰਨ ਲਈ ਕਰਜ਼ਦਾਰ ਪੇਸ਼ਗੀ ਵਿੱਚ ਕੀ ਕਰ ਸਕਦੇ ਹਨ?

- ਕਰਜ਼ਦਾਰ ਇਹ ਤਸਦੀਕ ਕਰਨ ਲਈ ਕਿ ਕੀ ਉਸ ਦਾ ਯੋਗਤਾ ਦਾ ਮਾਪਦੰਡ FSA ਵਿੱਚ ਰਿਕਾਰਡ ਕੀਤੇ ਗਏ ਹਨ ਜਾਂ ਨਹੀਂ, ਆਪਣੇ ਸਥਾਨਕ ਸੇਵਾ ਕੇਂਦਰ ਵਿੱਚ ਸੰਪਰਕ ਕਰ ਸਕਦੇ ਹਨ। ਜੇ ਕਿਸੇ ਅਪਡੇਟ ਜਾਂ ਸੁਧਾਰ ਦੀ ਲੋੜ ਪੈਂਦੀ ਹੈ, ਤਾਂ ਕਰਜ਼ਦਾਰ ਜਾਂ ਤਾਂ ਇੱਕ USDA ਫਾਰਮ AD-2047 ਨੂੰ ਪੂਰਾ ਕਰ ਸਕਦੇ ਹਨ ਜਾਂ ਆਪਣੇ ਰਿਕਾਰਡਾਂ ਨੂੰ ਅਪਡੇਟ ਕਰਨ ਲਈ ਆਪਣੇ ਸਥਾਨਕ FSA ਸੇਵਾ ਕੇਂਦਰ ਨਾਲ ਕੰਮ ਕਰ ਸਕਦੇ ਹਨ। ਕਰਜ਼ਦਾਰ ਆਪਣੇ ਕਰਜ਼ ਦੇ ਦਸਤਾਵੇਜ਼ਾਂ ਅਤੇ ਅਦਾਇਗੀ ਦੇ ਇਤਿਹਾਸ ਦੀ ਸਮੀਖਿਆ ਵੀ ਕਰਨਾ ਚਾਹ ਸਕਦੇ ਹਨ ਅਤੇ ਪੇਸ਼ਕਸ਼ ਪੱਤਰ ਪ੍ਰਾਪਤ ਹੋਣ 'ਤੇ ਇਸ ਦੀ ਉਸ ਵਿੱਚ ਦਿੱਤੀ ਜਾਣਕਾਰੀ ਨਾਲ ਤੁਲਨਾ ਵੀ ਕਰ ਸਕਦੇ ਹਨ।

## ਸਵਾਲ 13: ਕਰਜ਼ਾ ਭੁਗਤਾਨ ਦੀ ਰਕਮ ਕਿੰਨ੍ਹੀ ਹੋਵੇਗੀ ਜੋ ਮੈਂ ਪ੍ਰਾਪਤ ਕਰਾਂਗਾ(ਗੀ)?

- ਕਾਂਗਰਸ ਨੇ ਯੋਗ ਕਰਜ਼ਿਆਂ ਦੀ ਕਰਜ਼ਦਾਰੀ ਦੀ 120% ਤੱਕ ਦੀ ਰਕਮ ਅਧਿਕਾਰਤ ਕੀਤੀ ਹੈ। ਇਹ ਰਕਮ ਇਸ ਤੇ ਆਧਾਰਤ ਹੈ ਕਿ 1 ਜਨਵਰੀ, 2021 ਨੂੰ ਕੀ ਬਕਾਇਆ ਹੈ। ਕਰਜ਼ਦਾਰਾਂ ਤੋਂ ਕਰਜ਼ੇ ਦੇ ਭੁਗਤਾਨਾਂ ਦੀ ਪ੍ਰਾਪਤੀ FSA ਤੋਂ ਅਮਰੀਕੀ ਬਚਾਅ ਯੋਜਨਾ ਦੇ ਕਰਜ਼ੇ ਦੇ ਭੁਗਤਾਨ ਦੀ ਰਕਮ ਨੂੰ 1 ਜਨਵਰੀ, 2021 ਤੋਂ ਬਾਅਦ ਘੱਟ ਨਹੀਂ ਕਰੇਗੀ। ਪ੍ਰਕਿਰਿਆ ਦੇ ਵੇਰਵੇ ਅਤੇ ਕਰਜ਼ੇ ਦੇ ਭੁਗਤਾਨ ਦੀ ਸਮੀਖਿਆ ਪ੍ਰਕਿਰਿਆ ਤੋਂ ਪਹਿਲਾਂ ਕਰਜ਼ਦਾਰ ਨਾਲ ਕੀਤੀ ਜਾ ਸਕਦੀ ਹੈ। FSA ਨਾਲ ਕਿਸੇ ਮੀਟਿੰਗ ਦੀ ਬੇਨਤੀ ਕਿਵੇਂ ਕਰਨੀ ਹੈ, ਇਸ ਬਾਰੇ ਵੇਰਵੇ ਹਰ ਪੇਸ਼ਕਸ਼ ਪੱਤਰ ਵਿੱਚ ਸ਼ਾਮਲ ਹੁੰਦੇ ਹਨ।

## ਸਵਾਲ 14: ਜੇਕਰ ਉਹ ਪੇਸ਼ਕਸ਼ ਪੱਤਰ (ਫਾਰਮ FSA-2601) ਵਿੱਚ ਦਿੱਤੇ ਡੇਟਾ ਤੇ ਵਿਵਾਦ ਕਰਨਾ ਚਾਹੁੰਦੇ ਹਨ ਤਾਂ ਕਰਜ਼ਦਾਰ ਨੂੰ ਕੀ ਕਰਨਾ ਚਾਹੀਦਾ ਹੈ?

- ਕਰਜ਼ਦਾਰ ਨੂੰ FSA ਦੇ ਕਰਮਚਾਰੀ ਨਾਲ ਮੀਟਿੰਗ ਕਰਨ ਲਈ ਪੇਸ਼ਕਸ਼ ਪੱਤਰ ਵਿੱਚ ਵਿਕਲਪ ਚੁਣਨਾ ਚਾਹੀਦਾ ਹੈ। ਜੇਕਰ ਸੁਧਾਰਾਂ ਦੀ ਜ਼ਰੂਰਤ ਹੈ ਤਾਂ ਇੱਕ ਨਵਾਂ ਪੇਸ਼ਕਸ਼ ਪੱਤਰ ਪ੍ਰਦਾਨ ਕੀਤਾ ਜਾਵੇਗਾ। ਜੇ ਕੋਈ ਅਸਹਿਮਤੀ ਫੇਰ ਵੀ ਰਹਿੰਦੀ ਹੈ ਤਾਂ ਉਸ ਨੂੰ ਅਪੀਲ ਦਾ ਵਿਕਲਪ ਪ੍ਰਦਾਨ ਕੀਤਾ ਜਾਵੇਗਾ।

## ਸਵਾਲ 15: ਕੀ ਹੋਵੇਗਾ ਜੇਕਰ ਮੇਰੇ ਕੋਲ ਜ਼ਿਆਦਾ ਕਰਜ਼ੇ ਹੋਣ?

- ਯੋਗ ਕਰਜ਼ਦਾਰਾਂ ਲਈ, 120% ਤੱਕ ਦੀ ਰਕਮ ਸਾਰੇ ਯੋਗ ਕਰਜ਼ਿਆਂ ਵਿਚ ਕਰਜ਼ਦਾਰ ਦੀ ਸਾਰੀ ਕਰਜ਼ਦਾਰੀ ਨਾਲ ਬੱਧੀ ਹੁੰਦੀ ਹੈ।

### ਸਵਾਲ 16: ਕਰਜ਼ਦਾਰ ਨੂੰ ਸਿੱਧੇ ਕਰਜ਼ੇ ਦਾ ਪੇਸ਼ਕਸ਼ ਨੋਟਿਸ ਕਦੋਂ ਮਿਲੇਗਾ ਅਤੇ ਭੁਗਤਾਨ ਕਦੋਂ ਜਾਰੀ ਕੀਤੇ ਜਾਣਗੇ?

- FSA 24 ਮਈ ਦੇ ਹਫ਼ਤੇ ਵਿੱਚ ਪੇਸ਼ਕਸ਼ ਪੱਤਰ ਮੇਲ ਕਰਨੇ ਸ਼ੁਰੂ ਕਰ ਦੇਵੇਗਾ। ਸਿੱਧੇ ਕਰਜ਼ੇ ਦੇ ਸਭ ਤੋਂ ਯੋਗ ਕਰਜ਼ਦਾਰ 30 ਜੂਨ ਤੱਕ ਪੇਸ਼ਕਸ਼ ਪੱਤਰ ਪ੍ਰਾਪਤ ਕਰਨਗੇ। ਸਾਰੇ ਲੋੜੀਂਦੇ ਦਸਤਖਤਾਂ ਦੇ ਨਾਲ ਪੇਸ਼ਕਸ਼ ਪੱਤਰ ਪ੍ਰਾਪਤ ਹੋਣ ਤੋਂ ਬਾਅਦ, FSA ਨੂੰ ਕਿਸੇ ਕਰਜ਼ ਦਾ ਭੁਗਤਾਨ ਕਰਨ ਅਤੇ ਕਰਜ਼ਦਾਰ ਨੂੰ ਭੁਗਤਾਨ ਜਾਰੀ ਕਰਨ ਲਈ ਲਗਭਗ 3 ਹਫ਼ਤੇ ਲੱਗਣਗੇ। ਯੋਗ ਕਰਜ਼ਦਾਰ ਪੁੱਛ-ਗਿੱਛ ਲਈ ਆਪਣੇ ਸਥਾਨਕ FSA ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ, ਪਰ ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਕਰਜ਼ਦਾਰ ਆਪਣੇ ਪੇਸ਼ਕਸ਼ ਪੱਤਰ ਦੀ ਸਥਿਤੀ ਜਾਂ ਸਿੱਧੇ ਭੁਗਤਾਨ ਲਈ ਪੁੱਛਣ ਤੋਂ ਪਹਿਲਾਂ ਮੱਧ-ਜੁਲਾਈ ਤੱਕ ਉਡੀਕ ਕਰਨ।

### ਸਵਾਲ 17: ਜੇਕਰ ਕਰਜ਼ੇ ਉਪਕਰਣ, ਪਸ਼ੂ ਧਨ ਅਤੇ/ਜਾਂ ਅਚਲ ਸੰਪਤੀ ਦੁਆਰਾ ਸੁਰੱਖਿਅਤ ਕੀਤੇ ਜਾਂਦੇ ਹਨ ਤਾਂ ਧਾਰਨਅਧਿਕਾਰ (ਲਿਅਨ) ਕਦੋਂ ਜਾਰੀ ਕੀਤੀ ਜਾਵੇਗੀ?

- FSA ਆਪਣੇ ਸਾਰੇ ਉਨ੍ਹਾਂ ਕਰਜ਼ਿਆਂ ਲਈ ਧਾਰਨਅਧਿਕਾਰ ਜਾਰੀ ਕਰੇਗਾ ਜੋ ਰਾਜ ਦੇ ਕਾਨੂੰਨਾਂ ਅਨੁਸਾਰ ਸਿੱਧੇ ਕਰਜ਼ਿਆਂ ਦੇ ਅੰਤਿਮ ਪੇ-ਆਫ਼ (ਚੁਕਤਾ ਕਰਨ) ਤੋਂ ਬਾਅਦ ਪੂਰਨ ਰੂਪ ਵਿੱਚ ਭੁਗਤਾਨ ਕੀਤੇ ਗਏ ਹਨ।

### ਸਵਾਲ 18: ਕੀ ਕਰਜ਼ਦਾਰਾਂ ਲਈ FSA ਤੋਂ ਪ੍ਰਾਪਤ ਕੀਤੇ ਪੇਸ਼ਕਸ਼ ਪੱਤਰ ਦਾ ਜਵਾਬ ਦੇਣ ਦੀ ਸਮੇਂ ਸੀਮਾ ਹੈ?

- ਜੇ ਸ਼ੁਰੂਆਤੀ ਪੇਸ਼ਕਸ਼ ਦੀ ਤਾਰੀਖ ਤੋਂ 30 ਦਿਨਾਂ ਦੇ ਅੰਦਰ ਕਿਸੇ ਪੇਸ਼ਕਸ਼ ਨੂੰ ਰਸਮੀ ਤੌਰ 'ਤੇ ਸਵੀਕਾਰ ਜਾਂ ਇਨਕਾਰ ਨਹੀਂ ਕੀਤਾ ਜਾਂਦਾ ਹੈ, ਤਾਂ FSA ਇੱਕ ਰਿਮਾਇੰਡਰ ਪੱਤਰ ਭੇਜੇਗਾ ਅਤੇ ਇੱਕ ਫੋਨ ਕਾਲ ਕਰੇਗਾ ਜਾਂ ਇੱਕ ਈਮੇਲ ਭੇਜੇਗਾ, ਜੇਕਰ ਇਸ ਬਾਰੇ ਸੰਪਰਕ ਜਾਣਕਾਰੀ ਫਾਈਲ' ਤੇ ਹੈ। ਜੇ ਸ਼ੁਰੂਆਤੀ ਪੇਸ਼ਕਸ਼ ਦੀ ਤਾਰੀਖ ਤੋਂ 60 ਦਿਨਾਂ ਬਾਅਦ ਕਿਸੇ ਪੇਸ਼ਕਸ਼ ਨੂੰ ਸਵੀਕਾਰ ਜਾਂ ਇਨਕਾਰ ਕਰਨ ਲਈ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ, ਤਾਂ FSA ਉਹਨਾਂ ਕਰਜ਼ਦਾਰਾਂ ਨੂੰ ਦੂਜਾ ਰਿਮਾਇੰਡਰ ਨੋਟੀਫਿਕੇਸ਼ਨ ਭੇਜੇਗਾ ਕਿ ਜਦੋਂ ਤੱਕ ਯੋਗ ਪ੍ਰਾਪਤਕਰਤਾ FSA ਨਾਲ ਸੰਪਰਕ ਨਹੀਂ ਕਰਦਾ ਤਦੋਂ ਤੱਕ ਭੁਗਤਾਨ ਦੀ ਪ੍ਰਕਿਰਿਆ ਨਹੀਂ ਕੀਤੀ ਜਾਵੇਗੀ। ਜੇ FSA ਇੱਕ ਅੰਤਿਮ ਸਮੇਂ ਸੀਮਾ ਤੈਅ ਕਰਦਾ ਹੈ, ਤਾਂ ਇਸਦੀ ਘੋਸ਼ਣਾ ਜਨਤਕ ਤੌਰ ਤੇ ਕੀਤੀ ਜਾਵੇਗੀ ਅਤੇ ਕਰਜ਼ਦਾਰਾਂ ਨੂੰ ਅੰਤਿਮ ਸੂਚਨਾ ਸਮੇਂ ਸੀਮਾ ਦੀ ਤਾਰੀਖ ਤੋਂ ਘੱਟੋ-ਘੱਟ 30 ਦਿਨ ਪਹਿਲਾਂ ਭੇਜੀ ਜਾਵੇਗੀ।

<u>ਹੋਰ ਸਵਾਲ</u>

## ਸਵਾਲ 19: ਕੀ USDA ਦੁਆਰਾ ਭਾਗ ਲੈਣ ਦੀ ਫੀਸ ਲਈ ਜਾਂਦੀ ਹੈ ਅਤੇ ਕੀ ਮੈਨੂੰ ਇਸ ਕਰਜ਼ੇ ਦੀ ਸਹਾਇਤਾ ਤੱਕ ਪਹੁੰਚ ਬਣਾਉਣ ਲਈ ਮਦਦ ਲਈ ਤੀਜੀ ਧਿਰ ਦੀ ਜ਼ਰੂਰਤ ਹੈ?

- ਭਾਗ ਲੈਣ ਲਈ ਕੋਈ ਫੀਸ ਨਹੀਂ ਹੈ। FSA ਕਰਮਚਾਰੀ ਕਰਜ਼ਦਾਰਾਂ ਨੂੰ ਉਨ੍ਹਾਂ ਦੇ ਸਵਾਲਾਂ ਦੇ ਮੁਫਤ ਵਿੱਚ ਜਵਾਬ ਦੇ ਕੇ ਮਦਦ ਕਰਨਗੇ ਅਤੇ ਉਤਪਾਦਕਾਂ ਦੀ ਕਿਸੇ ਵੀ ਲੋੜੀਂਦੇ ਦਸਤਾਵੇਜ਼ਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨਗੇ। ਤੁਹਾਨੂੰ ਇਸ ਸਹਾਇਤਾ ਤੱਕ ਪਹੁੰਚ ਬਣਾਉਣ ਲਈ ਕਿਸੇ ਤੀਜੀ ਧਿਰ ਦੀ ਜ਼ਰੂਰਤ ਨਹੀਂ ਹੈ ਅਤੇ USDA ਨਾਲ ਸਿੱਧਾ ਕੰਮ ਕਰ ਸਕਦੇ ਹੋ। USDA ਭਾਈਚਾਰਾ ਅਧਾਰਤ ਸੰਸਥਾਵਾਂ ਅਤੇ ਯੂਨੀਵਰਸਟੀਆਂ ਨਾਲ ਪਹੁੰਚ ਬਣਾਉਣ, ਤਕਨੀਕੀ ਸਹਾਇਤਾ ਅਤੇ ARP ਦੀ ਧਾਰਾ 1006 ਵਿੱਚ ਪ੍ਰਦਾਨ ਕੀਤੇ ਸਰੋਤਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ ਨੂੰ ਵਿੱਤੀ, ਕਾਨੂੰਨੀ ਅਤੇ ਟੈਕਸ ਯੋਜਨਾਬੰਦੀ ਸੇਵਾਵਾਂ ਪ੍ਰਦਾਨ ਕਰਨ 'ਤੇ ਸਹਿਯੋਗ ਕਰਨ ਦੀ ਯੋਜਨਾ ਬਣਾ ਰਹੀ ਹੈ। USDA ਇਹਨਾਂ ਅਧਿਕਾਰਤ ਭਾਈਵਾਲਾਂ ਨੂੰ ਮੁਆਵਜ਼ਾ ਦੇਵੇਗੀ, **ਪਰ ਕਰਜ਼ਦਾਰਾਂ ਨੂੰ ਕਿਸੇ ਫੀਸ ਦਾ ਭੁਗਤਾਨ ਨਹੀਂ ਕਰਨਾ ਚਾਹੀਦਾ ਹੈ।** ਜੇਕਰ ਤੁਹਾਡੇ ਨਾਲ ਕਿਸੇ ਦੁਆਰਾ ਭੁਗਤਾਨ ਦੀ ਮੰਗ ਕਰਦਿਆਂ ਸੰਪਰਕ ਕੀਤਾ ਜਾਂਦਾ ਹੈ ਜਾਂ ਇਹ ਘੋਟਾਲੇ ਵਾਂਗ ਲਗਦਾ ਹੈ ਤਾਂ ਕਿਰਪਾ ਕਰਕੇ ਜਾਂਚ ਕਰਨ ਲਈ ਇਸ ਜਾਣਕਾਰੀ ਨੂੰ USDA ਨਾਲ ਸਾਂਝਾ ਕਰੋ।

## ਸਵਾਲ 20: ਮੈਂ ਅਜਿਹੇ ਕਰਜ਼ਿਆਂ ਦੇ ਨਾਲ ਸਮਾਜਿਕ ਤੌਰ ਤੇ ਵਾਂਝਾ ਉਤਪਾਦਕ ਹਾਂ ਜੋ ਯੋਗ ਹਨ ਪਰ ਮੈਂ ਆਪਣੀ ਜਾਤੀ ਜਾਂ ਨਸਲ ਨੂੰ ਆਪਣੇ ਸਥਾਨਕ ਦਫ਼ਤਰ ਵਿੱਚ ਨਾਮਿਤ ਨਹੀਂ ਕੀਤਾ ਹੈ, ਮੈਨੂੰ ਕੀ ਕਰਨਾ ਚਾਹੀਦਾ ਹੈ?

- ਤੁਹਾਡੇ ਕੋਲ ਕਈ ਵਿਕਲਪ ਹਨ ਜਿਨ੍ਹਾਂ ਸਾਰਿਆਂ ਵਿੱਚ ਇਸ ਸਮੇਂ USDA ਫਾਰਮ AD-2047 ਸ਼ਾਮਲ ਹੈ:
    - ਆਪਣੇ ਸਥਾਨਕ USDA ਸੇਵਾ ਕੇਂਦਰ ਨੂੰ ਕਾਲ ਕਰੋ ਅਤੇ ਉਨ੍ਹਾਂ ਨੂੰ ਸੂਚਿਤ ਕਰੋ ਕਿ ਤੁਸੀਂ ਫੋਨ ਰਾਹੀਂ ਫਾਰਮ ਭਰਨਾ ਚਾਹੁੰਦੇ ਹੋ।
    - AD-2047 ਫਾਰਮ ਨੂੰ ਡਾਉਨਲੋਡ ਅਤੇ ਪ੍ਰਿੰਟ ਕਰੋ, ਇਸ ਤੇ ਦਸਤਖਤ ਕਰੋ ਅਤੇ ਇਸ ਨੂੰ ਆਪਣੇ ਸਥਾਨਕ USDA ਸੇਵਾ ਕੇਂਦਰ ਨੂੰ ਮੇਲ ਜਾਂ ਡਿਲੀਵਰ ਕਰੋ।

## ਸਵਾਲ 21: ਕੀ ਉਨ੍ਹਾਂ ਕਰਜ਼ਦਾਰਾਂ ਲਈ ਇਸ ਸਮਾਨ ਕੋਈ ਪ੍ਰੋਗਰਾਮ ਹਨ ਜੋ ਜਾਤੀ ਅਤੇ ਨਸਲ ਦੇ ਆਧਾਰ ਤੇ ਸਮਾਜਿਕ ਤੌਰ ਤੇ ਵਾਂਝੇ ਨਹੀਂ ਹਨ?

- ਇਹ ਅਮਰੀਕੀ ਬਚਾਅ ਯੋਜਨਾ ਪ੍ਰੋਗਰਾਮ ਸਮਾਜਿਕ ਤੌਰ ਤੇ ਵਾਂਝੇ ਕਰਜ਼ਦਾਰਾਂ ਲਈ ਹੈ, ਜਿਵੇਂ ਕਿ ਸਵਾਲ 1 ਵਿੱਚ ਦੱਸਿਆ ਗਿਆ ਹੈ। FSA ਉਪਲੱਬਧ ਕਈ ਹੋਰ ਸਹਾਇਤਾ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦਾ ਹੈ, ਜਿਸ ਵਿੱਚ ਮਹਾਂਮਾਰੀ, ਡਿਜਾਸਟਰ ਸੈੱਟ-ਅਸਾਈਡ ਅਤੇ ਪ੍ਰਾਇਮਰੀ ਲੋਨ ਸਰਵਿਸਿੰਗ ਦੇ ਜਵਾਬ ਵਿੱਚ ਪ੍ਰਦਾਨ ਕੀਤੀ ਗਈ ਮਦਦ ਸ਼ਾਮਲ ਹੈ। ਜੇ ਤੁਸੀਂ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਤੁਹਾਡੇ ਸਥਾਨਕ USDA ਸੇਵਾ ਕੇਂਦਰ ਨਾਲ ਸੰਪਰਕ ਕਰਨ ਲਈ ਉਤਸ਼ਾਹਤ ਕਰਦੇ ਹਾਂ।

## ਸਵਾਲ 22: ਮੈਂ ਕਰਜ਼ੇ ਦੇ ਭੁਗਤਾਨ ਕਰਨੇ ਹਨ ਜੋ ਬਕਾਇਆ ਹਨ। ਮੈਨੂੰ ਕੀ ਕਰਨਾ ਚਾਹੀਦਾ ਹੈ?

- FSA ਸਿੱਧੇ ਕਰਜ਼ਿਆਂ ਲਈ, USDA ਕਿਸੇ ਵੀ ਉਸ ਯੋਗ ਕਰਜ਼ਦਾਰ ਤੇ ਕੋਈ ਪ੍ਰਤੀਕੂਲ ਕਾਰਵਾਈਆਂ ਨਹੀਂ ਕਰ ਰਿਹਾ ਹੈ ਜੋ ਭੁਗਤਾਨ ਨਹੀਂ ਕਰਦਾ ਹੈ।
- ਖੇਤ ਭੰਡਾਰਨ ਸਹੂਲਤ ਕਰਜ਼ਿਆਂ ਲਈ, USDA ਕਿਸੇ ਵੀ ਉਸ ਯੋਗ ਕਰਜ਼ਦਾਰ ਤੇ ਕੋਈ ਪ੍ਰਤੀਕੂਲ ਕਾਰਵਾਈਆਂ ਨਹੀਂ ਕਰ ਰਿਹਾ ਹੈ ਜੋ ਭੁਗਤਾਨ ਨਹੀਂ ਕਰਦਾ ਹੈ।
- FSA ਗਾਰੰਟੀਸ਼ੁਦਾ ਕਰਜ਼ਿਆਂ ਲਈ, ਕਰਜ਼ਦਾਰਾਂ ਨੂੰ ਆਪਣੇ ਕਰਜ਼ਦਾਤਾ ਨਾਲ ਸਹਿਮਤ ਹੋਇਆਂ ਅਨੁਸਾਰ ਸਾਰੇ ਨਿਯਮਤ ਨਿਯਤ ਭੁਗਤਾਨ ਕਰਨੇ ਚਾਹੀਦੇ ਹਨ।
- ਤੁਹਾਡੇ ਕਰਜ਼ ਰਾਹਤ ਭੁਗਤਾਨ ਦੀ ਗਣਨਾ 1 ਜਨਵਰੀ, 2021 ਤੇ ਤੁਹਾਡੀ ਬਕਾਇਆ ਰਕਮ ਦੇ ਅਧਾਰ ਤੇ ਕੀਤੀ ਜਾਵੇਗੀ। ਕਰਜ਼ਦਾਰਾਂ ਨੂੰ 1 ਜਨਵਰੀ, 2021 ਤੋਂ ਬਾਅਦ ਕੀਤੇ ਗਏ ਕਿਸੇ ਵੀ ਭੁਗਤਾਨਾਂ ਦੀ ਪ੍ਰਤੀਪੂਰਤੀ ਕਰ ਦਿੱਤੀ ਜਾਵੇਗੀ। USDA ਕਰਜ਼ਦਾਤਾਵਾਂ ਨੂੰ ਲਚੀਲਾ ਹੋਣ ਲਈ ਉਤਸ਼ਾਹਤ ਕਰ ਰਿਹਾ ਹੈ ਅਤੇ 26 ਜਨਵਰੀ, 2021 ਤੱਕ ਕਰਜ਼ਦਾਤਾਵਾਂ ਨੂੰ ਉਪਲੱਬਧ ਲਚਕਤਾਵਾਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਨਿਰਦੇਸ਼ ਜਾਰੀ ਕੀਤੇ ਹਨ।

## ਸਵਾਲ 23: ਮੇਰਾ ਕਰਜ਼ਾ ਭੁਗਤਾਨ ਸਮਾਂ ਤੋਂ ਲੰਘ ਗਿਆ (ਡੀਲਿੰਕੁਏਂਟ) ਹੈ ਅਤੇ ਮੈਨੂੰ ਸੂਚਿਤ ਕੀਤਾ ਗਿਆ ਸੀ ਕਿ ਉਸ ਨੂੰ ਪਹਿਲਾਂ ਬੰਦ ਕਰਨ ਜਾਂ ਲਿਕੁਈਡੇਸ਼ਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਸੀ। ਪਹਿਲਾਂ ਤੋਂ ਬੰਦ ਹੋਣ ਤੋਂ ਰੋਕਣ ਲਈ ਮੈਨੂੰ ਕੀ ਕਰਨ ਦੀ ਜ਼ਰੂਰਤ ਹੈ?

- FSA ਨੇ ਮਹਾਂਮਾਰੀ ਦੇ ਦੌਰਾਨ ਸਿੱਧੇ ਕਰਜ਼ਿਆਂ ਲਈ ਸਾਰੇ ਸਮੇਂ ਤੋਂ ਪਹਿਲਾਂ ਬੰਦ ਕਰਨਾ, ਕਰਜ਼ੇ ਦੀ ਉਗਰਾਹੀ ਅਤੇ ਹੋਰ ਪ੍ਰਤੀਕੂਲ ਕਾਰਵਾਈਆਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਗਾਰੰਟੀਸ਼ੁਦਾ ਕਰਜ਼ਿਆਂ ਵਾਲੇ ਕਰਜ਼ਦਾਤਾਵਾਂ ਨੂੰ ਇਸਦਾ ਪਾਲਣ ਕਰਨ ਲਈ ਉਤਸ਼ਾਹਤ ਕੀਤਾ ਹੈ। FSA ਕਰਜ਼ਦਾਤਾਵਾਂ ਤੋਂ ਅਜਿਹੇ ਸਾਰੇ ਕਰਜ਼ਿਆਂ ਬਾਰੇ ਜਾਣਕਾਰੀ ਇਕੱਤਰ ਕਰਨ ਦੀ ਪ੍ਰਕਿਰਿਆ ਵਿੱਚ ਹੈ। ਜੇ ਤੁਸੀਂ ਗਾਰੰਟੀਸ਼ੁਦਾ ਕਰਜ਼ਾ ਲਿਆ ਹੈ ਅਤੇ ਕਰਜ਼ਦਾਤਾ ਨੇ ਪਹਿਲਾਂ ਬੰਦ ਕਰਨ ਜਾਂ ਲਿਕੁਈਡੇਸ਼ਨ ਨੂੰ ਜਾਰੀ ਰੱਖਣ ਦੀਆਂ ਯੋਜਨਾਵਾਂ ਦਾ ਸੰਕੇਤ ਦਿੱਤਾ ਹੈ, ਤਾਂ ਆਪਣੇ ਸਥਾਨਕ USDA ਸੇਵਾ ਕੇਂਦਰ ਨਾਲ ਸੰਪਰਕ ਕਰੋ ਤਾਂ ਜੋ FSA ਨੂੰ ਇਸਦਾ ਪਤਾ ਲਗ ਸਕੇ ਅਤੇ ਉਹ ਦਖਲ ਦੇ ਸਕੇ।

### ਸਵਾਲ 24: ਕੀ USDA ਨੂੰ ਇਹ ਲੋੜੀਂਦਾ ਹੋਵੇਗਾ ਕਿ ਮੈਂ ਆਪਣੀ ਯੂ.ਐਸ. ਦੀ ਨਾਗਰਿਕਤਾ ਨੂੰ ਸਾਬਤ ਕਰਾਂ?

- ਯੂ.ਐਸ. ਦੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਸਥਿਤੀ ਦੇ ਸਬੰਧ ਵਿੱਚ ਕਿਸੇ ਵਾਧੂ ਜਾਣਕਾਰੀ ਦੀ ਜ਼ਰੂਰਤ ਨਹੀਂ ਹੋਵੇਗੀ। FSA ਕਰਜ਼ੇ ਯੂ.ਐਸ. ਦੇ ਨਾਗਰਿਕਾਂ ਅਤੇ ਕੁਝ ਕਾਨੂੰਨੀ ਵਸਨੀਕਾਂ ਨੂੰ ਸੰਘੀ ਕਾਨੂੰਨ ਅਨੁਸਾਰ ਉਪਲੱਬਧ ਹਨ। ਇਹ ਜਾਣਕਾਰੀ ਉਦੋਂ ਤਸਦੀਕ ਕੀਤੀ ਗਈ ਸੀ ਜਦੋਂ ਕਰਜ਼ਾ ਅਸਲ ਵਿੱਚ ਦਿੱਤਾ ਗਿਆ ਸੀ ਅਤੇ ਇਸ ਨੂੰ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ।

### ਸਵਾਲ 25: ਗਾਰੰਟੀਸ਼ੁਦਾ ਖੇਤ ਕਰਜ਼ਾ ਦੇ ਭੁਗਤਾਨ ਭੁਗਤਾਨਾਂ ਦੇ ਪਹਿਲੇ ਰਾਊਂਡ ਵਿੱਚ ਸ਼ਾਮਲ ਕਿਉਂ ਨਹੀਂ ਹਨ?

- ਸਿੱਧੇ ਅਤੇ ਗਾਰੰਟੀਸ਼ੁਦਾ ਕਰਜ਼ਿਆਂ ਦੇ ਵਿਚਕਾਰ ਵਿੱਤੀ ਲੇਖਾ ਅਤੇ ਪ੍ਰੋਗਰਾਮ ਦੇ ਹਿੱਸਿਆਂ ਵਿੱਚ ਮਹੱਤਵਪੂਰਣ ਅੰਤਰ ਹਨ। ਵੱਧ ਤੋਂ ਵੱਧ ਕਰਜ਼ਦਾਰਾਂ ਲਈ ਸਮੇਂ ਸਿਰ ਭੁਗਤਾਨਾਂ ਨੂੰ ਯਕੀਨੀ ਬਣਾਉਣ ਲਈ, USDA ਗਾਰੰਟੀਸ਼ੁਦਾ ਕਰਜ਼ਾ ਭੁਗਤਾਨਾਂ ਦੀ ਪ੍ਰਕਿਰਿਆ ਨੂੰ ਅੰਤਿਮ ਰੂਪ ਦੇਣ ਤੋਂ ਪਹਿਲਾਂ, ਸਿੱਧੇ ਕਰਜ਼ ਖਾਤਿਆਂ ਦੇ ਬਹੁਗਿਣਤੀਆਂ ਲਈ ਭੁਗਤਾਨ ਦੀ ਸ਼ੁਰੂਆਤ ਕਰ ਰਿਹਾ ਹੈ। ਯੋਗ ਕਰਜ਼ਦਾਰਾਂ ਵਿੱਚੋਂ ਲਗਭਗ 85% ਕੋਲ ਸਿੱਧਾ ਕਰਜ਼ਾ ਹੈ।

### ਸਵਾਲ 26: ਕਿਸੇ ਕਰਜ਼ਦਾਰ ਨੂੰ ਉਦੋਂ ਕੀ ਕਰਨਾ ਚਾਹੀਦਾ ਹੈ ਜੇਕਰ ਉਨ੍ਹਾਂ ਨੂੰ ਪੇਸ਼ਕਸ਼ ਪੱਤਰ ਕਦੇ ਵੀ ਪ੍ਰਾਪਤ ਨਾ ਕੀਤਾ ਹੋਵੇ ਜਾਂ ਉਸ ਨੂੰ ਗੁਆ ਦਿੱਤਾ ਹੋਵੇ?

- ਕਿਸੇ ਵੀ ਅਜਿਹੇ ਕਰਜ਼ਦਾਰ ਨੂੰ ਆਪਣੇ ਸਥਾਨਕ ਸੇਵਾ ਕੇਂਦਰ ਵਿੱਚ ਸੰਪਰਕ ਕਰਨਾ ਚਾਹੀਦਾ ਹੈ।

### ਸਵਾਲ 27: ARPA ਭੁਗਤਾਨ ਪ੍ਰਾਪਤਕਰਤੇ ਭਵਿੱਖੀ FSA ਕਰਜ਼ਿਆਂ ਲਈ ਯੋਗ ਹੋਣਗੇ?

- ਹਾਂ। FSA ਆਪਣੇ ਕਰਜ਼ੇ ਦੇ ਪ੍ਰੋਗਰਾਮਾਂ ਦੀ ਚਲ ਰਹੀ ਵਰਤੋਂ ਨੂੰ ਉਤਸ਼ਾਹਤ ਕਰਦਾ ਹੈ। ਗਾਹਕਾਂ ਨੂੰ ਆਪਣੇ ਸਥਾਨਕ FSA ਸੇਵਾ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇਕਰ ਉਨ੍ਹਾਂ ਦੇ ਕਰਜ਼ ਸਹਾਇਤਾ ਬਾਰੇ ਕੋਈ ਸਵਾਲ ਹਨ।

### ਸਵਾਲ 28: ਕੀ ਵਪਾਰਕ ਕਰਜ਼ਦਾਤਾਵਾਂ ਜਿਨ੍ਹਾਂ ਕੋਲ ਕਿਸੇ ਯੋਗ ਸਮਾਜਿਕ ਰੂਪ ਵਿੱਚ ਵਾਂਝੇ ਕਰਜ਼ਦਾਰ ਲਈ FSA ਦੁਆਰਾ ਗਾਰੰਟੀਸ਼ੁਦਾ ਕਰਜ਼ਾ ਹੈ, ਕਰਜ਼ ਦੀ ਸਾਰੀ ਰਕਮ ਦਾ ਭੁਗਤਾਨ ਕਰੇ ਜਾਂ ਗਾਰੰਟੀਸ਼ੁਦਾ (90% ਜਾਂ 95%) ਹਿੱਸੇ ਦੀ ਰਕਮ ਦਾ ਭੁਗਤਾਨ ਕਰੇ?

- ਗਾਰੰਟੀ ਦੇ ਪੱਧਰ ਦੀ ਪਰਵਾਹ ਕੀਤੇ ਬਿਨਾਂ, 1 ਜਨਵਰੀ, 2021 ਤੱਕ ਬਕਾਇਆ ਸਾਰਾ ਗਾਰੰਟੀਸ਼ੁਦਾ ਕਰਜ਼ੇ ਦਾ ਭੁਗਤਾਨ ਕੀਤਾ ਜਾਵੇਗਾ।

### ਸਵਾਲ 29: ਉਨ੍ਹਾਂ ਕਰਜ਼ਦਾਰਾਂ ਲਈ ਕਿਹੜੀ ਸਹਾਇਤਾ ਉਪਲੱਬਧ ਹੈ ਜੋ ਅੰਗਰੇਜ਼ੀ ਨਹੀਂ ਬੋਲਦੇ ਹਨ?

- ਕਰਜ਼ਦਾਰ 877-508-8364 ਤੇ ਕਾਲ ਕਰ ਸਕਦੇ ਹਨ, ਫੇਰ "ਅਮਰੀਕੀ ਬਚਾਅ ਯੋਜਨਾ" ਦੀ ਚੋਣ ਕਰ ਸਕਦੇ ਹਨ। ਸਹਾਇਤਾ ਕਈ ਭਾਸ਼ਾਵਾਂ ਵਿੱਚ ਉਪਲੱਬਧ ਹੈ। ਜੇਕਰ ਕਿਸੇ ਕਰਜ਼ਦਾਰ ਨੂੰ ਅਜਿਹੇ ਆਪਰੇਟਰ ਨਾਲ ਗੱਲ ਕਰਨ ਦੀ ਜ਼ਰੂਰਤ ਹੈ ਜੋ ਅੰਗਰੇਜ਼ੀ ਜਾਂ ਸਪੇਨਿਸ਼ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦਾ ਹੋਵੇ, ਤਾਂ ਕਿਰਪਾ ਕਰਕੇ ਅੰਗਰੇਜ਼ੀ ਚੁਣੋ ਅਤੇ ਆਪਰੇਟਰ ਨੂੰ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਦੀ ਜ਼ਰੂਰਤ ਹੈ। ਨਾਲ ਹੀ, ਪੇਸ਼ਕਸ਼ ਦਾ ਨੋਟਿਸ ਪ੍ਰਾਪਤ ਕਰਨ ਵਾਲਾ ਕਰਜ਼ਦਾਰ ਆਪਣੇ ਸਵਾਲਾਂ ਨਾਲ ਸਥਾਨਕ FSA ਸੇਵਾ ਕੇਂਦਰ ਨੂੰ ਸੰਪਰਕ ਕਰ ਸਕਦਾ ਹੈ। ਮੌਖਿਕ ਅਤੇ ਲਿਖਤੀ ਭਾਸ਼ਾ ਅਨੁਵਾਦ ਪ੍ਰਦਾਨ ਕੀਤਾ ਜਾ ਸਕਦਾ ਹੈ। ਭਾਈਚਾਰਾ-ਅਧਾਰਿਤ ਸੰਸਥਾਵਾਂ ਅਤੇ ਹੋਰ ਸੇਵਾ ਪ੍ਰਦਾਤਾਵਾਂ ਰਾਹੀਂ ਕਰਜ਼ਦਾਰਾਂ ਲਈ ਵਧੀਕ ਸਹਾਇਤਾ ਕਰਜ਼ਦਾਰਾਂ ਨੂੰ ਭਵਿੱਖੀ ਪੱਤਰ ਵਿੱਚ ਪ੍ਰਦਾਨ ਕੀਤੀ ਜਾਵੇਗੀ ਅਤੇ ਇਸਦੀ ਘੋਸ਼ਣਾ farmers.gov/americanrescueplan ਤੇ GovDelivery ਅਤੇ ਪ੍ਰੈਸ ਰੀਲੀਜ਼ ਦੁਆਰਾ ਕੀਤੀ ਜਾਵੇਗੀ।

**ਸਵਾਲ 30: ਕਿਉਂਕਿ ਗਾਰੰਟੀਸ਼ੁਦਾ ਕਰਜ਼ ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ FSA ਦੁਆਰਾ ਪ੍ਰਵਾਨਿਤ ਕਰਜ਼ਦਾਤਾ ਆਮ ਤੌਰ ਤੇ ਕਰਜ਼ਦਾਰ ਦੇ ਜਨਸਾਂਖਕੀ ਡੇਟਾ ਨੂੰ ਇਕੱਤਰ ਨਹੀਂ ਕਰ ਸਕਦੇ, ਇਸ ਲਈ FSA ਇਹ ਜਾਣਨ ਦੀ ਯੋਜਨਾ ਕਿਵੇਂ ਬਣਾ ਰਿਹਾ ਹੈ ਕਿ ਉਨ੍ਹਾਂ ਵਿੱਚੋਂ ਕਿਹੜੇ ਕਰਜ਼ਦਾਰ ARPA ਲਈ ਯੋਗ ਹੈ?**

- FSA ਦੀ ਗਾਰੰਟੀ ਪ੍ਰਾਪਤ ਕਰਨ ਲਈ ਕਰਜ਼ਦਾਰ ਅਤੇ ਕਰਜ਼ਦਾਤਾ ਦੁਆਰਾ ਤਿਆਰ ਕੀਤੀ ਜਾਣ ਵਾਲੀ ਅਰਜੀ (ਐਪਲੀਕੇਸ਼ਨ) ਵਿੱਚ ਨਸਲ ਅਤੇ ਜਾਤੀ ਦੀ ਸਵੈ-ਇੱਛਕ ਇਕੱਤਰਤਾ ਸ਼ਾਮਲ ਹੈ। ਕਰਜ਼ਦਾਰ ਆਪਣੀ ਨਸਲ ਅਤੇ ਜਾਤੀ ਦੇ ਅਹੁਦੇ ਦੀ ਪੁਸ਼ਟੀ ਕਰਨ ਲਈ FSA ਦੇ ਸਥਾਨਕ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਸਾਰੇ ਯੋਗ ਕਰਜ਼ਦਾਰਾਂ ਨੂੰ USDA ਫਾਰਮ AD-2047 ਜਮ੍ਹਾਂ ਕਰਵਾਉਣ ਅਤੇ FSA ਨੂੰ ਆਪਣਾ ਅਹੁਦਾ ਸਿੱਧੇ ਹੀ ਪ੍ਰਦਾਨ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਮਈ 2021 ਵਿੱਚ, FSA ਨੇ ਉਨ੍ਹਾਂ ਸਾਰਿਆਂ ਸਿੱਧੇ ਅਤੇ ਗਾਰੰਟੀਸ਼ੁਦਾ ਕਰਜ਼ ਪ੍ਰਾਇਮਰੀ ਕਰਜ਼ਦਾਰਾਂ ਨੂੰ, ਜਿਨ੍ਹਾਂ ਦੀ FSA ਦੇ ਰਿਕਾਰਡਾਂ ਵਿੱਚ ਨਸਲ ਅਤੇ ਜਾਤੀ ਦੇ ਆਧਾਰ ਤੇ ਸਮਾਜਿਕ ਤੌਰ ਤੇ ਵਾਂਝੇ ਹੋਣ ਦੀ ਪਛਾਣ ਹੋਈ ਹੈ, ਨੂੰ ਇੱਕ ਪੱਤਰ ਭੇਜਿਆ ਹੈ। ਉਨ੍ਹਾਂ ਕਰਜ਼ਦਾਰਾਂ ਨੂੰ ਇੱਕ ਵੱਖਰਾ ਪੱਤਰ ਭੇਜਿਆ ਗਿਆ ਸੀ ਜਿਨ੍ਹਾਂ ਦੀ ਨਸਲ ਜਾਂ ਜਾਤੀ ਨੂੰ FSA ਦੇ ਰਿਕਾਰਡਾਂ ਵਿੱਚ ਅਗਿਆਤ ਵਜੋਂ ਦਰਜ ਕੀਤਾ ਗਿਆ ਸੀ ਅਤੇ ਇਸ ਵਿੱਚ ਕਰਜ਼ਦਾਰ ਲਈ ਸਥਾਨਕ FSA ਸੇਵਾ ਕੇਂਦਰ ਨਾਲ ਆਪਣੇ ਰਿਕਾਰਡਾਂ ਨੂੰ ਅਪਡੇਟ ਕਰਨ ਦੀ ਪ੍ਰਕਿਰਿਆ ਬਾਰੇ ਦੱਸਿਆ ਗਿਆ ਹੈ। FSA ਗਾਹਕ ਇੱਕ AD-2047 ਨੂੰ ਭਰ ਸਕਦੇ ਹਨ ਅਤੇ ਇਸਨੂੰ ਸਥਾਨਕ FSA ਸੇਵਾ ਕੇਂਦਰ ਵਿੱਚ ਜਮ੍ਹਾਂ ਕਰ ਸਕਦੇ ਹਨ।

**ਸਵਾਲ 31: ARPA FSA ਭੁਗਤਾਨ ਸਿਰਫ ਉਨ੍ਹਾਂ FSA ਕਰਜ਼ਦਾਰਾਂ ਲਈ ਕਿਉਂ ਹੈ ਜੋ ਸਮਾਜਿਕ ਰੂਪ ਵਿੱਚ ਵਾਂਝੇ ਹਨ?**

- ਕਾਂਗਰਸ ਨੇ ਸਮਾਜਿਕ ਤੌਰ ਤੇ ਵਾਂਝੇ ਉਤਪਾਦਕਾਂ ਨੂੰ ਆਰਥਿਕ ਸਹਾਇਤਾ ਪ੍ਰਦਾਨ ਕਰਨ ਲਈ ਕਰਜ਼ੇ ਦੇ ਭੁਗਤਾਨ ਲਈ ਅਧਿਕਾਰਤ ਕੀਤਾ ਹੈ ਜਿਵੇਂ ਕਿ 1990 ਦੇ ਫਾਰਮ ਬਿਲ ਦੀ ਧਾਰਾ 2501 (a) ਦੁਆਰਾ ਪਰਿਭਾਸ਼ਤ ਕੀਤਾ ਗਿਆ ਹੈ। ਇਨ੍ਹਾਂ ਉਤਪਾਦਕਾਂ ਦੀ, USDA ਦੁਆਰਾ ਸਮੇਤ, ਪ੍ਰਣਾਲੀਗਤ ਅਸਮਾਨ ਵਿਵਹਾਰ ਕਾਰਨ ਦੂਸਰੇ ਉਤਪਾਦਕਾਂ ਦੀ ਤਰ੍ਹਾਂ ਸਮਾਨ ਪਹੁੰਚ ਨਹੀਂ ਹੈ।